# ਨਿਰਮਲ ਧਾਰਾ ਧਰਮ ਦੀ

Punjabi Translation of Hindi Book
"Nirmal Dhara Dharm Ki"

ਵਿਪਸ਼ਨਾ-ਆਚਾਰੀਆ ਸੱਤਿਅਨਾਰਾਇਣ ਗੋਇੰਕਾ

# ਨਿਰਮਲ ਧਾਰਾ ਧਰਮ ਦੀ

**Punjabi Translation of Hindi Book**
**Nirmal Dhara Dharm Ki**

ਵਿਪਸ਼ਨਾ-ਆਚਾਰੀਆ ਸੱਤਿਅਨਾਰਾਇਣ ਗੋਇੰਕਾ

ਵਿਪਸ਼ਨਾ ਵਿਸ਼ੋਧਨ ਵਿਨਯਾਸ

ਧੱਮਗਿਰੀ, ਇੱਗਤਪੁਰੀ

**P02 - ਨਿਰਮਲ ਧਾਰਾ ਧਰਮ ਦੀ**

**ਵਿਪਸ਼ਨਾ ਵਿਸ਼ੋਧਨ ਵਿਨਯਾਸ**

**ਸਰ੍ਵਾਧਿਕਾਰ ਸੁਰਕਸ਼ਿਤ**

ਪ੍ਰਥਮ ਸੰਸਕਰਣ : ਮਈ 2012

**Price : Rs. 70/-**

ISBN : 978-81-7414-344-0

ਪ੍ਰਕਾਸ਼ਕ :

ਵਿਪਸ਼ਨਾ ਵਿਸ਼ੋਧਨ ਵਿਨਯਾਸ

ਧੱਮਗਿਰੀ, ਇੱਗਤਪੁਰੀ-422403.

ਜ਼ਿਲ੍ਹਾ- ਨਾਸ਼ਿਕ, ਮਹਾਰਾਸ਼ਟਰ।

ਫੋਨ : 02553-244998, 244076,
244086, 244144, 244440

Email: vri_admin@vridhamma.org

Website: www.vridhamma.org

ਮੁਦ੍ਰਕ :

ਅਪੋਲੋ ਪ੍ਰਿੰਟਿੰਗ ਪ੍ਰੇਸ

ਜੀ-259, ਸੀਕੌਫ ਲਿਮਿਟੇਡ, 69 ਏਮ. ਆਯ. ਡੀ ਸੀ

ਸਾਤਪੁਰ, ਨਾਸ਼ਿਕ- 422007, ਮਹਾਰਾਸ਼ਟ੍ਰ

# ਤਤਕਰਾ


| | | |
|---|---|---|
| | ਪ੍ਰਕਾਸ਼ਕ ਵਲੋਂ | 03 |
| 1. | ਧਰਮ ਕੀ ਹੈ? | 06 |
| | ਧਰਮ ਸ਼ਬਦ ਦਾ ਇਤਿਹਾਸ | 10 |
| | ਧਰਮ ਅਤੇ ਸੰਪ੍ਰਦਾਏ | 13 |
| | ਧਰਮ ਧਾਰਣ | 19 |
| | ਸੱਚਾ ਦਰਸ਼ਨ | 22 |
| | ਕਰਮ ਕਾਂਡ | 26 |
| 2. | ਸ਼ੀਲ : ਧਰਮ ਦਾ ਪਹਿਲਾ ਚਰਣ | 30 |
| | ਧਰਮ ਨਾਲ ਸੁਰੱਖਿਆ | 31 |
| | ਧਰਮ ਇੱਕ-ਇੱਕ ਵਿਅਕਤੀ ਦਾ | 34 |
| | ਸ਼ੀਲ ਪਾਲਣਾ | 36 |
| | ਸ਼ੀਲ ਪਾਲਣਾ ਕਿਉਂ? | 41 |
| | ਧਰਮ ਨੂੰ ਸਵੈ ਅਨੁਭਵ ਨਾਲ ਜਾਣੋ। | 44 |
| | ਚੈਨ ਦੀ ਬੰਸਰੀ | 47 |
| | ਧਰਮ ਧਾਰਣ ਕਰੀਏ ਤਾਂ ਹੀ ਲਾਭ ਹੁੰਦਾ ਹੈ | 51 |
| 3. | ਸਮਾਧੀ : ਧਰਮ ਦਾ ਦੂਸਰਾ ਚਰਣ | 58 |
| | ਮਨ ਨੂੰ ਕਾਬੂ ਵਿੱਚ ਕਰਨਾ | 63 |
| | ਸ਼ਬਦ ਦਾ ਪ੍ਰਯੋਗ ਕਿਉਂ ਨਹੀਂ? | 65 |
| | ਅਭਿਆਸ ਕਿਵੇਂ ਕਰੀਏ? | 67 |
| | ਰਾਗ-ਦਵੇਸ਼ ਦਾ ਸਰੋਤ | 72 |
| | ਮਨ ਦਾ ਸੁਭਾ ਬਦਲੀਏ | 76 |
| | ਸੰਤਾਂ ਦੀ ਬਾਣੀ ਵਿੱਚ ਵਿਪਸ਼ਨਾ ਦੀ ਝਲਕ | 78 |
| | ਆਤਮ-ਦਰਸ਼ਨ | 83 |
| | ਵਿਗਿਆਨਕ ਖੋਜ | 85 |

4. ਵਿਪਸ਼ਨਾ: ਧਰਮ ਦਾ ਤੀਸਰਾ ਚਰਣ 92
ਤਾਰਨ ਵਾਲਾ ਕੌਣ? 93
ਸੱਚ ਹੀ ਧਰਮ ਹੈ 95
ਵਿਸ਼ਵ-ਗੁਰੂ ਭਾਰਤ 101
ਟੇਢੀ ਖੀਰ 104
ਸੱਚ ਦਾ ਅਨੁਭਵ 107
ਵਿਪਸ਼ਨਾ 110
ਥਰ-ਥਰਾਹਟ ਹੀ ਥਰ-ਥਰਾਹਟ 113
ਛੇ ਦਰਵਾਜ਼ੇ 118
ਮਨ ਦੇ ਚਾਰ ਖੰਡ 119
ਵਿੱਦਿਆ ਅਤੇ ਅਵਿੱਦਿਆ 124
5. ਧਰਮ ਜੀਵਨ ਵਿੱਚ ਉੱਤਰੇ 133
ਸ਼ੀਲ-ਸਦਾਚਾਰ ਦਾ ਜੀਵਨ ਜੀਣਾ 134
ਮਨ ਨੂੰ ਨਿਰਮਲ ਕਰਨਾ 136
ਆਸ੍ਰਵ ਰਹਿਤ ਕਿਵੇਂ ਬਣੀਏ 145
ਮੇਰਾ ਮਾਲਕ ਮੈਂ ਆਪ 149
ਕਰਮ ਦਾ ਫਲ ਨਿਸ਼ਚਿਤ 152
ਸਮਝਣਾ ਕਾਫੀ ਨਹੀਂ ਅਭਿਆਸ ਜ਼ਰੂਰੀ 155
ਵਿਪਸ਼ਨਾ ਕੇਂਦਰ ਸੂਚੀ 161
ਵਿਪਸ਼ਨਾ ਸਾਹਿਤ 164

# ਪ੍ਰਕਾਸ਼ਕ ਵਲੋਂ

ਵਿਪਸ਼ਨਾ ਸਾਧਨਾ ਦੇ ਅਚਾਰੀਆ ਪੂਜਨੀਕ ਸ਼੍ਰੀ ਐਸ.ਐਨ. ਗੋਇੰਕਾ ਭਾਰਤ ਵਿੱਚ 1969 ਤੋਂ ਧਿਆਨ ਦੀ ਇਸ ਵਿੱਦਿਆ ਨੂੰ ਸਿਖਾ ਰਹੇ ਹਨ। ਉਨ੍ਹਾਂ ਨੇ ਇਹ ਸਾਧਨਾ-ਵਿਧੀ ਬ੍ਰਹਮ ਦੇਸ਼ ਵਿੱਚ ਪੂਜਨੀਕ ਸਯਾਜੀ ਉਬਾਖਿਨ ਤੋਂ ਸਿੱਖੀ ਅਤੇ ਬਹੁਤ ਫਾਇਦੇਮੰਦ ਰਹੇ। ਉਸ ਸਮੇਂ ਤੋਂ ਉਹ ਆਪਣੇ ਗੁਰੂ ਦੇ ਕੁਸ਼ਲ ਮਾਰਗ-ਨਿਰਦੇਸ਼ਨ ਵਿੱਚ ਲਗਾਤਾਰ ਅਭਿਆਸ ਕਰਦੇ ਹੋਏ ਇਸ ਵਿੱਦਿਆ ਵਿੱਚ ਮਾਹਿਰ ਬਣੇ ਇਹ ਵਿੱਦਿਆ ਸਰਬਦੇਸ਼ੀ, ਸਰਬਲੌਕਿਕ ਅਤੇ ਸਰਬਕਾਲੀਨ ਹੈ - ਦੇਸ਼, ਜਾਤੀ ਅਤੇ ਸਮੇਂ ਦੀ ਸੀਮਾਂ ਤੋਂ ਬਿਲਕੁਲ ਮੁਕਤ। ਇਸ ਵਿੱਚ ਸੰਪੂਰਨ ਮਾਨਵਜਾਤੀ ਦੇ ਸਮਾਏ ਹੋਏ ਕਲਿਆਣ ਨੂੰ ਵੇਖ ਕੇ ਪੂਜਨੀਕ ਗੋਇੰਕਾ ਜੀ ਨੇ ਫੈਸਲਾ ਲਿਆ ਕਿ ਉਹ ਆਪਣੇ ਕੰਮਾਂ ਕਾਰਾਂ ਤੋਂ ਵਿਹਲੇ ਹੋ ਕੇ ਆਪਣਾ ਸਾਰਾ ਬਚਿਆ ਹੋਇਆ ਜੀਵਨ ਇਸੇ ਸਿੱਖਿਆ ਕਾਰਜ ਵਿੱਚ ਲਗਾਉਣਗੇ। ਉਨ੍ਹਾਂ ਦੇ ਇਸ ਸ਼ੁਭ ਸੰਕਲਪ ਵਿੱਚ ਉਨ੍ਹਾਂ ਦੇ ਪੂਜਨੀਕ ਗੁਰੂ ਦੀ ਹੌਂਸਲਾ ਅਫ਼ਜਾਈ ਅਤੇ ਉਨ੍ਹਾਂ ਦਾ ਪਹਿਲਾਂ ਤੋਂ ਬਣਿਆ ਹੋਇਆ ਵਿਚਾਰ ਸੀ।

ਧਿਆਨ ਦੀ ਇਹ ਵਿਧੀ ਭਾਰਤ ਦੀ ਅਨਮੋਲ ਵਿੱਦਿਆ ਹੈ। ਜਿਸ ਦੀ ਖੋਜ ਅੱਜ ਤੋਂ ਲੱਗਭਗ 2500 ਸਾਲ ਪਹਿਲਾਂ ਭਗਵਾਨ ਬੁੱਧ ਨੇ ਕੀਤੀ ਸੀ। ਕਈ ਕਾਰਨਾਂ ਕਰਕੇ ਇਹ ਸਾਡੇ ਦੇਸ਼ ਵਿਚੋਂ ਲੁਪਤ ਹੋ ਗਈ। ਗੁਆਂਢੀ ਬ੍ਰਹਮਦੇਸ਼ ਨੇ ਗੁਰੂ ਚੇਲੇ ਦੀ ਪਰੰਪਰਾ ਦੁਆਰਾ ਇਸ ਨੂੰ ਸੰਭਾਲੀ ਰੱਖਿਆ ਅਤੇ ਹੁਣ ਆਪਣੇ ਦੇਸ਼ ਦੀ ਬਹੁਮੁੱਲੀ ਸੰਪਤੀ ਨੂੰ ਵਾਪਿਸ ਲਿਆਉਣ ਦਾ ਮਾਣ ਪੂਜਨੀਕ ਗੋਇੰਕਾ ਜੀ ਨੂੰ ਜਾਂਦਾ ਹੈ।

ਅਸੀਂ ਧਰਮ ਦਾ ਠੀਕ ਅਰਥ ਭੁੱਲ ਗਏ ਹਾਂ ਅਤੇ ਸੰਪ੍ਰਦਾਇ ਨੂੰ ਹੀ ਧਰਮ ਮੰਨਣ ਲੱਗ ਪਏ ਹਾਂ। ਅੱਜ ਜਦ ਕਿ ਧਰਮ ਦੇ ਨਾਮ ਉੱਤੇ ਚਾਰੇ ਪਾਸੇ ਅਰਾਜਕਤਾ ਫੈਲੀ ਹੋਈ ਹੈ, ਇਹ ਸੰਪ੍ਰਦਾਇਕਤਾ-ਰਹਿਤ ਵਿੱਦਿਆ ਸੰਘਣੇ ਹਨ੍ਹੇਰੇ ਵਿੱਚ ਰੋਸ਼ਨੀ ਦੇ ਥੰਮ ਵਾਂਗ ਵਿਖਾਈ ਦਿੰਦੀ ਹੈ।

ਮਾਨਵ ਜੀਵਨ ਵਿੱਚ ਬਚਪਨ ਤੋਂ ਹੀ ਮੁਕਾਬਲੇ ਦਾ ਤਣਾਓ ਸ਼ੁਰੂ ਹੋ

ਜਾਂਦਾ ਹੈ। ਜੋ ਲਗਾਤਾਰ ਵਧਦਾ ਹੀ ਜਾਂਦਾ ਹੈ। ਇਸ ਤਣਾਓ ਦੇ ਹੁੰਦਿਆਂ ਹੋਇਆਂ ਸੁੱਖ-ਚੈਨ ਅਤੇ ਸਬਰ-ਸੰਤੋਖ ਦੁਰਲੱਭ ਹੋ ਜਾਂਦੇ ਹਨ ਅਤੇ ਸਿਰਫ਼ ਸ਼ਬਦ ਮਾਤਰ ਰਹਿ ਜਾਂਦੇ ਹਨ। ਜੀਵਨ ਦੇ ਤੂਫਾਨੀ ਵਾ-ਵਰੋਲਿਆਂ ਵਿੱਚ, ਅਸੀਂ ਸ਼ਾਂਤੀ ਅਤੇ ਧੀਰਜ ਨਾਲ ਪ੍ਰਸਥਿਤੀਆਂ ਦਾ ਸਾਹਮਣਾ ਕਿਵੇਂ ਕਰ ਸਕਦੇ ਹਾਂ? ਅਸੀਂ ਠੀਕ ਨਿਰਣਾ ਲੈਣ ਦੇ ਕਾਬਲ ਕਿਵੇਂ ਹੋ ਸਕਦੇ ਹਾਂ? ਸਾਡੇ ਆਪਸੀ ਸੰਬੰਧ ਕਿਸ ਤਰ੍ਹਾਂ ਸੁਹਿਰਦਕ ਹੋ ਸਕਦੇ ਹਨ? ਵਿਪਸ਼ਨਾ ਇੱਕ ਅਜਿਹੀ ਵਿੱਦਿਆ ਹੈ ਜੋ ਸਾਡੀਆਂ ਇਨ੍ਹਾਂ, ਸੰਸਾਰਿਕ ਸਮੱਸਿਆਵਾਂ ਵਿੱਚ ਅਤਿਅੰਤ ਸਹਾਇਕ ਹੈ। ਇਸ ਤੋਂ ਬਿਨਾਂ ਇਹ ਸਾਨੂੰ ਅਧਿਆਤਮ ਦੀਆਂ ਉੱਚੀਆਂ ਤੋਂ ਉੱਚੀਆਂ ਸੀਮਾਵਾਂ ਤੱਕ ਲੈ ਜਾਣ ਵਿੱਚ ਵੀ ਪੂਰੀ ਤਰ੍ਹਾਂ ਨਿਪੁੰਨ ਹੈ। ਇਸ ਵਿਧੀ ਦੁਆਰਾ ਸਾਡੀਆਂ ਅਸ਼ੁੱਭ ਵਿਰਤੀਆਂ - ਈਰਖਾ, ਵੈਰ-ਵਿਰੋਧ, ਕਰੋਧ, ਹੰਕਾਰ, ਘਿਰਣਾ ਆਦਿ ਖਤਮ ਹੁੰਦੀਆਂ ਜਾਂਦੀਆਂ ਹਨ ਅਤੇ ਸ਼ੁਭ ਵਿਰਤੀਆਂ ਮੈਤਰੀ, ਕਰੁਣਾ, ਮੁਆਫ਼ ਕਰਨਾ, ਸੇਵਾ ਆਦਿ ਪੈਦਾ ਹੁੰਦੀਆਂ ਹਨ ਅਤੇ ਵਧਦੀਆਂ-ਫੁੱਲਦੀਆਂ ਹਨ।

ਖੁਸ਼ਕਿਸਮਤੀ ਕਰਕੇ ਅਜਿਹੀ ਦੁਰਲੱਭ ਵਿੱਦਿਆ ਅੱਜ ਵੀ ਸਾਨੂੰ ਪ੍ਰਾਪਤ ਹੈ ਅਤੇ ਇਸ ਦੁਆਰਾ ਸਾਨੂੰ ਆਪਣਾ ਸਭ ਕੁਝ ਚੰਗਾ, ਸ਼ੁਭ ਕਰਨ, ਬਣਾਉਣ ਦੀ ਪ੍ਰੇਰਨਾ ਮਿਲ ਸਕੇ, ਇਸ ਕਰਕੇ ਸਮੇਂ-ਸਮੇਂ ਅਨੁਸਾਰ ਪੂਜਨੀਕ ਗੁਰੂ ਜੀ ਦੇ ਪ੍ਰਬਚਨ ਭਿੰਨ-ਭਿੰਨ ਸਥਾਨਾਂ ਉੱਤੇ ਆਯੋਜਿਤ ਕੀਤੇ ਜਾਂਦੇ ਹਨ।

ਹੁਣ ਇਨ੍ਹਾਂ ਪ੍ਰਬਚਨਾਂ ਨੂੰ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਤਾਂ ਜੋ ਵੱਧ ਤੋਂ ਵੱਧ ਲੋਕ ਇਨ੍ਹਾਂ ਦਾ ਫ਼ਾਇਦਾ ਲੈ ਸਕਣ। ਇਸ ਪੁਸਤਕ ਵਿੱਚ ਉਲੇਖ ਕੀਤੀ ਗਈ ਸਾਧਨਾ-ਵਿਧੀ ਨੂੰ ਪੜ੍ਹ ਕੇ ਆਪਣੇ ਆਪ ਅਭਿਆਸ ਆਰੰਭ ਨਹੀਂ ਕਰਨਾ ਚਾਹੀ ਦਾ ਕਿਉਂਕਿ ਕਿਸੇ ਵੀ ਵਿੱਦਿਆ ਨੂੰ ਸਿੱਖਣ ਲਈ ਉੱਚਿਤ ਵਾਤਾਵਰਣ ਅਤੇ ਯੋਗ ਅਗਵਾਈ ਬਹੁਤ ਹੀ ਜ਼ਰੂਰੀ ਹੁੰਦੇ ਹਨ। ਇਹ ਤਾਂ ਮਨ ਦੀਆਂ ਹੇਠਲੀਆਂ ਡੂੰਘਾਈਆਂ ਤੱਕ ਜਾਣ ਦੀ ਗੰਭੀਰ ਵਿੱਦਿਆ ਹੈ। ਇਸ ਲਈ ਨਿਪੁੰਨ ਰਹਿਨੁਮਾਈ ਦੀ ਅਣਹੋਂਦ ਵਿੱਚ ਆਪਣੇ ਆਪ ਹੀ ਸਿਖਣ ਦੀ ਕੋਸ਼ਿਸ਼ ਕਰਨਾ ਹਾਨੀਕਾਰਕ ਵੀ ਹੋ ਸਕਦਾ ਹੈ।

ਵਿਪਸ਼ਨਾ ਧਿਆਨ-ਵਿਧੀ ਸਿੱਖਣ ਲਈ ਦਸ ਦਿਨ ਦੇ ਕੈਂਪ ਵਿੱਚ ਭਾਗ ਲੈਣਾ ਜ਼ਰੂਰੀ ਹੈ। ਇਨ੍ਹਾਂ ਦਸ ਦਿਨਾਂ ਵਿੱਚ ਕੈਂਪ ਦੇ ਸਥਾਨ ਵਿੱਚ ਹੀ ਰਹਿਣਾ

ਹੁੰਦਾ ਹੈ। ਕੈਂਪ ਵਿੱਚ ਖਾਣ-ਪੀਣ ਅਤੇ ਰਹਿਣ ਦਾ ਉੱਚਿਤ ਪ੍ਰਬੰਧ ਕੀਤਾ ਗਿਆ ਹੁੰਦਾ ਹੈ। ਸਿਖਲਾਈ, ਖਾਣ-ਪੀਣ ਅਤੇ ਰਹਿਣ ਸਮੇਤ ਹਰ ਤਰ੍ਹਾਂ ਦੀ ਸਹੂਲਤ ਦਾ ਕੋਈ ਪੈਸਾ ਨਹੀਂ ਲਿਆ ਜਾਂਦਾ। ਕੈਂਪ ਦੇ ਅੰਤ ਵਿੱਚ ਸਾਧਕ ਆਪਣੀ ਇੱਛਾ ਅਨੁਸਾਰ ਦਾਨ ਦੇ ਸਕਦੇ ਹਨ। ਕੈਂਪਾਂ ਦਾ ਸਾਰਾ ਪ੍ਰਬੰਧ, ਸਾਫ-ਮਨ ਅਤੇ ਪਵਿੱਤਰ-ਭਾਵਾਂ ਨਾਲ ਦਿੱਤੇ ਗਏ ਦਾਨ ਦੁਆਰਾ ਹੀ ਚਲਦਾ ਹੈ। ਇਹ ਕੈਂਪ ਭਿੰਨ-ਭਿੰਨ ਸਾਧਨਾ-ਕੇਂਦਰਾਂ ਵਿੱਚ ਅਤੇ ਹੋਰ ਉਚਿਤ ਸਥਾਨਾਂ ਉੱਤੇ ਲਗਾਏ ਅਤੇ ਚਲਾਏ ਜਾਂਦੇ ਹਨ। ਹੁਣ ਤੱਕ ਭਾਰਤ ਅਤੇ ਵਿਦੇਸ਼ਾਂ ਦੇ ਅਨੇਕ ਸ਼ਹਿਰਾਂ ਵਿੱਚ ਸਾਧਨਾ-ਕੇਂਦਰ ਸਥਾਪਿਤ ਹੋ ਚੁੱਕੇ ਹਨ। ਇਨ੍ਹਾਂ ਕੇਂਦਰਾਂ ਦੀ ਸੰਪੂਰਨ ਸੂਚੀ ਇਸੇ ਪੁਸਤਕ ਦੇ ਆਖਰੀ ਸਫ਼ਿਆਂ ਉੱਤੇ ਦਿੱਤੀ ਗਈ ਹੈ। ਕੈਂਪ ਵਿੱਚ ਸ਼ਾਮਿਲ ਹੋਣ ਦੇ ਨਿਯਮ, ਸ਼ਾਮਿਲ ਹੋਣ ਲਈ ਰਾਖਵਾਂਕਰਣ ਅਤੇ ਪ੍ਰੋਗਰਾਮ, ਸਹੂਲਤ ਅਨੁਸਾਰ ਕਿਸੇ ਵੀ ਕੇਂਦਰ ਤੋਂ ਖ਼ਤ ਲਿਖ ਕੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਧਿਆਨ ਦੀ ਇਹ ਵਿੱਦਿਆ ਸਿੱਖਣ ਲਈ ਹਰ ਸੰਪ੍ਰਦਾਇ ਦੇ ਲੋਕ-ਭਾਵੇਂ ਉਹ ਹਿੰਦੂ ਹੋਣ ਜਾਂ ਮੁਸਲਮਾਨ, ਜੈਨੀ, ਇਸਾਈ, ਬੌਧੀ ਜਾਂ ਸਿੱਖ-ਸਭ ਆਉਂਦੇ ਹਨ। ਬੱਚਿਆਂ ਤੋਂ ਲੈ ਕੇ ਬੁੱਢਿਆਂ ਤੱਕ, ਹਰ ਉਮਰ ਦੇ ਲੋਕ ਸ਼ਾਮਿਲ ਹੁੰਦੇ ਹਨ, ਬਹੁਤ ਜ਼ਿਆਦਾ ਪੜ੍ਹੇ ਲਿਖੇ ਤੇ ਦੂਜੇ ਪਾਸੇ ਬਿਲਕੁਲ ਅਨਪੜ੍ਹ ਵੀ ਆਉਂਦੇ ਹਨ। ਬੇਹੱਦ ਅਮੀਰ ਅਤੇ ਅਤਿਅੰਤ ਗਰੀਬ ਵੀ ਆਉਂਦੇ ਹਨ। ਔਰਤਾਂ-ਮਰਦ, ਡਾਕਟਰ, ਵਕੀਲ, ਇੰਜੀਨੀਅਰ ਅਤੇ ਵਪਾਰਕ ਅਦਾਰਿਆਂ ਨੂੰ ਚਲਾਉਣ ਵਾਲੇ ਵੀ ਆਉਂਦੇ ਹਨ। ਕਿਸੇ ਵੀ ਵਿਪਸ਼ਨਾ ਕੈਂਪ ਵਿੱਚ ਸਮਾਜ ਦੇ ਹਰ ਵਰਗ ਦਾ ਇਹ ਸੁੰਦਰ ਤੇ ਅਨੋਖਾ ਸੁਮੇਲ ਵੇਖਿਆ ਜਾ ਸਕਦਾ ਹੈ। ਇਤਨੇ ਫਰਕਾਂ ਦੇ ਹੁੰਦਿਆਂ ਹੋਇਆਂ ਵੀ ਸਭ ਲਾਭ ਪ੍ਰਾਪਤ ਕਰਦੇ ਹਨ।

ਇਸ ਵਿੱਦਿਆ ਦੇ ਮਾਧਿਅਮ ਦੁਆਰਾ, ਧਰਮ ਧਾਰਣ ਕਰਕੇ ਜ਼ਿਆਦਾ ਤੋਂ ਜ਼ਿਆਦਾ ਲੋਕ ਆਪਣਾ ਹਰ ਤਰ੍ਹਾਂ ਦਾ ਕਲਿਆਣ ਕਰਨ ਦੀ ਪ੍ਰੇਰਨਾ ਪ੍ਰਾਪਤ ਕਰ ਸਕਣ, ਇਹੋ ਸ਼ੁੱਭ ਇੱਛਾ ਹੈ ਅਤੇ ਇਸ ਪ੍ਰਕਾਸ਼ਨ ਦੇ ਇਹੋ ਹੀ ਉਦੇਸ਼ ਹਨ।

ਪ੍ਰਕਾਸ਼ਨ ਸਮਿਤੀ

ਵਿਪਸ਼ਨਾ ਵਿਸ਼ੋਧਨ ਵਿਨਯਾਸ